# ਰਿਵੀਊ ਲਈ ਬੇਨਤੀਆਂ ਬਾਰੇ ਜਾਣਕਾਰੀ

Visit WorkSafeBC's website at worksafebc.com for this brochure.

Pour consulter cette brochure, visitez le site web de WorkSafeBC à l'adresse worksafebc.com.

ਇਸ ਪੁਸਤਕ ਲਈ ਵਰਕਸੇਫ਼ ਬੀ.ਸੀ. ਦੀ ਵੈੱਬਸਾਈਟ worksafebc.com ਦੇਖੋ।

如欲参阅这份册子，请浏览BC省工作安全局（WorkSafeBC）的网站：worksafebc.com

Visite el sitio web de WorkSafeBC en worksafebc.com para obtener este folleto.

如欲參閱這份冊子，請瀏覽卑詩省工作安全局（WorkSafeBC）的網站：worksafebc.com

**ਨਾਲ ਲੱਗੀ ਚਿੱਠੀ ਵਿਚ ਤੁਸੀਂ ਆਪਣੇ ਰਿਵੀਊ ਲਈ ਦਿੱਤਾ ਗਿਆ ਰੈਂਫਰੈਂਸ ਨੰਬਰ ਦੇਖੋਗੇ। ਰਿਵੀਊ ਦੇ ਕਾਰਜ ਬਾਰੇ ਕੁਝ ਹੋਰ ਜਾਣਕਾਰੀ ਇਸ ਪ੍ਰਕਾਰ ਹੈ।**

## ਰਿਵੀਊ ਕੀ ਹੈ?

ਰਿਵੀਊ ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਬਾਰੇ ਇਕ ਵਾਰ ਫਿਰ ਵਿਚਾਰ ਕਰਨਾ ਹੈ, ਜਿਸ ਵਿਚ ਨਵੀਂ ਜਾਣਕਾਰੀ ਅਤੇ ਫੈਸਲੇ ਦੇ ਸਮੇਂ ਮੌਜੂਦ ਜਾਣਕਾਰੀ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਵਰਕਰਜ਼ *ਕੰਪਨਸੇਸ਼ਨ ਐਕਟ* ਅਧੀਨ, ਵਰਕਰਾਂ ਅਤੇ ਕੰਮ-ਮਾਲਕਾਂ (ਇਮਪਲੌਏਅਰਜ਼) ਨੂੰ ਵਰਕਸੇਫ ਬੀ ਸੀ ਦੇ ਬਹੁਤੇ ਫੈਸਲਿਆਂ ਦਾ ਰਿਵੀਊ ਕਰਨ ਲਈ ਕਹਿਣ ਦਾ ਹੱਕ ਹੈ। ਇਹ ਰਿਵੀਊ ਅਫਸਰਾਂ ਵਲੋਂ ਕੀਤੇ ਜਾਂਦੇ ਹਨ, ਜੋ ਕਿ ਐਕਟ ਅਧੀਨ ਆਜ਼ਾਦ ਤੌਰ 'ਤੇ ਅਤੇ ਨਿਰਪੱਖਤਾ ਨਾਲ ਰਿਵੀਊ ਕਰਨ ਲਈ ਨਿਯੁਕਤ ਕੀਤੇ ਜਾਂਦੇ ਹਨ।

## ਮੇਰੇ ਅਪਲਾਈ ਕਰਨ ਤੋਂ ਬਾਅਦ ਕੀ ਵਾਪਰਦਾ ਹੈ?

- ਰਿਵੀਊ ਲਈ ਤੁਹਾਡੇ ਅਪਲਾਈ ਕਰਨ ਤੋਂ ਬਾਅਦ, ਤੁਹਾਨੂੰ ਫੈਸਲੇ ਨਾਲ ਸੰਬੰਧਿਤ ਵਰਕਸੇਫ ਬੀ ਸੀ ਦੇ ਰਿਕਾਰਡਾਂ ਦੀ ਇਕ ਕਾਪੀ ਮਿਲੇਗੀ।
- ਇਨ੍ਹਾਂ ਰਿਕਾਰਡਾਂ 'ਤੇ ਵਿਚਾਰ ਕਰੋ, ਫਿਰ ਆਪਣੀ ਚਿੱਠੀ ਨਾਲ ਭੇਜੇ ਗਏ ਸਬਮਿਸ਼ਨ ਫਾਰਮ ਨੂੰ ਭਰੋ। ਰਿਵੀਊ ਦੀ ਮੰਗ ਕਰਨ ਦੇ ਕਾਰਨ ਸਾਫ ਸਾਫ ਦੱਸੋ। ਕਿਰਪਾ ਕਰਕੇ ਹੱਕ ਵਿਚ ਜਾਣ ਵਾਲੀ ਕੋਈ ਜਾਣਕਾਰੀ ਜਾਂ ਸਬੂਤ ਨਾਲ ਸ਼ਾਮਲ ਕਰੋ। ਫਾਰਮ 'ਤੇ ਦਸਖਤ ਕਰੋ ਅਤੇ ਫਿਰ ਇਸ 'ਤੇ ਤਰੀਕ ਪਾਉ।
- ਕਿਰਪਾ ਕਰਕੇ ਦਿੱਤੀ ਗਈ ਅੰਤਿਮ ਤਾਰੀਕ ਤੱਕ ਫਾਰਮ ਅਤੇ ਹੱਕ ਵਿੱਚ ਜਾਣ ਵਾਲੀ ਜਾਣਕਾਰੀ ਦਰਜ ਕਰਵਾਉ।

## ਰਿਵੀਊਜ਼ ਵਿਚ ਕੌਣ ਹਿੱਸਾ ਲੈ ਸਕਦਾ ਹੈ?

- ਵਰਕਰ ਅਤੇ ਕੰਮ-ਮਾਲਕ ਦੋਨੋਂ ਇਕ ਦੂਸਰੇ ਦੇ ਫੈਸਲਿਆਂ ਵਾਲੇ ਰਿਵੀਊਜ਼ ਵਿਚ ਹਿੱਸਾ ਲੈ ਸਕਦੇ ਹਨ।
- ਜੇ ਤੁਸੀਂ ਵਰਕਰ ਹੋਵੋ ਅਤੇ ਤੁਹਾਡਾ ਕੰਮ-ਮਾਲਕ ਰਿਵੀਊ ਵਿਚ ਹਿੱਸਾ ਲੈਂਦਾ ਹੋਵੇ ਤਾਂ ਉਸ ਨੂੰ ਤੁਹਾਡੇ ਰਿਕਾਰਡਾਂ ਦੀ ਇਕ ਕਾਪੀ ਮਿਲੇਗੀ ਅਤੇ ਉਸ ਨੂੰ ਆਪਣੇ ਹੱਕ ਵਿਚ ਜਾਣਕਾਰੀ ਪ੍ਰਦਾਨ ਕਰਨ ਦਾ ਸੱਦਾ ਦਿੱਤਾ ਜਾਵੇਗਾ।

## ਕੀ ਮੈਨੂੰ ਹਿੱਸਾ ਲੈਣ ਵਾਲਿਆਂ ਦੇ ਹੱਕ ਵਿਚਲੀ ਜਾਣਕਾਰੀ ਦੇਖਣ ਨੂੰ ਮਿਲੇਗੀ?

ਹਾਂ, ਤੁਹਾਨੂੰ ਹਿੱਸਾ ਲੈਣ ਵਾਲੇ ਦੂਜੇ ਲੋਕਾਂ ਦੇ ਹੱਕ ਵਿਚਲੀ ਜਾਣਕਾਰੀ ਦੀ ਕਾਪੀ ਮਿਲੇਗੀ ਅਤੇ ਤੁਹਾਨੂੰ ਇਸ ਬਾਰੇ ਆਪਣੀ ਟਿੱਪਣੀ ਕਰਨ ਦਾ ਮੌਕਾ ਮਿਲੇਗਾ। ਇਸੇ ਤਰ੍ਹਾਂ, ਹਿੱਸਾ ਲੈਣ ਵਾਲੇ ਦੂਜੇ ਲੋਕ ਤੁਹਾਡੇ ਹੱਕ ਵਿਚਲੀ ਜਾਣਕਾਰੀ ਦੇਖਣਗੇ।

## ਰਿਵੀਊ ਕਿਵੇਂ ਕੀਤੇ ਜਾਂਦੇ ਹਨ?

- ਰਿਵੀਊ ਅਫਸਰ ਵਰਕਸੇਫ ਬੀ ਸੀ ਦੇ ਰਿਕਾਰਡ ਅਤੇ ਹੱਕ ਵਿੱਚ ਜਾਣ ਵਾਲੀ ਉਹ ਜਾਣਕਾਰੀ ਚੰਗੀ ਤਰ੍ਹਾਂ ਦੇਖਦਾ ਹੈ ਜਿਹੜੀ ਅਸੀਂ ਮੁਢਲੇ ਫੈਸਲੇ ਤੋਂ ਬਾਅਦ ਜਾਂ ਰਿਵੀਊ ਦੌਰਾਨ ਇਕੱਠੀ ਕੀਤੀ ਹੁੰਦੀ ਹੈ। ਲੋੜ ਪੈਣ 'ਤੇ ਅਫਸਰ ਹੋਰ ਇਨਕੁਆਰੀਆਂ ਵੀ ਕਰੇਗਾ।
- ਕੁਝ ਕੇਸਾਂ ਵਿਚ, ਰਿਵੀਊ ਅਫਸਰ ਮੂੰਹ-ਜ਼ਬਾਨੀ ਸੁਣਵਾਈ ਕਰਨ ਦਾ ਸਮਾਂ ਵੀ ਮਿੱਥ ਸਕਦਾ ਹੈ, ਖਾਸ ਕਰਕੇ ਜੇ ਮਤਭੇਦ ਵਾਲੇ ਸਬੂਤ ਹੋਣ।

## ਮੈਂ ਰਿਵੀਊ ਦੀ ਹਾਲਤ ਕਿਵੇਂ ਚੈੱਕ ਕਰ ਸਕਦਾ/ਸਕਦੀ ਹਾਂ?

- ਜੇ ਤੁਹਾਡਾ ਕੋਈ ਪ੍ਰਤੀਨਿਧ ਹੋਵੇ ਤਾਂ ਉਹ ਤੁਹਾਨੂੰ ਰਿਵੀਊ ਬਾਰੇ ਤਾਜ਼ੀ ਜਾਣਕਾਰੀ ਦਿੰਦਾ ਰਹੇਗਾ/ਦਿੰਦੀ ਰਹੇਗੀ।
- ਤੁਸੀਂ ਆਪਣੇ ਰਿਵੀਊ ਦੀ ਹਾਲਤ (ਸਟੈਟਸ) www.worksafebc.com/claims/review_and_appeals/online_review_status 'ਤੇ ਚੈੱਕ ਕਰ ਸਕਦੇ ਹੋ।
- ਤੁਸੀਂ ਸੰਬੰਧਿਤ ਪੇਪਰ ਦੇਖਣ ਲਈ www.worksafebc.com/claims/review_and_appeals/request_manage_reviews 'ਤੇ ਜਾ ਸਕਦੇ ਹੋ ਅਤੇ ਇਸ ਤੋਂ ਬਾਅਦ ਰਿਕੁਐਸਟ ਅਤੇ ਮੈਨੇਜ ਰਿਵੀਊਜ਼ ਸਲੈਕਟ ਕਰੋ। ਜਾਂ, ਤੁਸੀਂ ਰਿਵੀਊ ਡਿਵੀਜ਼ਨ ਨੂੰ 604.214.5411 'ਤੇ ਜਾਂ 1.888.922.8804 'ਤੇ ਟੋਲ-ਫ੍ਰੀ ਫੋਨ ਕਰ ਸਕਦੇ ਹੋ।

## ਜੇ ਮੈਨੂੰ ਹੋਰ ਮਦਦ ਦੀ ਲੋੜ ਹੋਵੇ ਤਾਂ ਕੀ ਕਰਨਾ ਹੈ?

- ਜੇ ਤੁਸੀਂ ਵਰਕਰ ਹੋ ਤਾਂ ਵਰਕਰਜ਼ ਐਡਵਾਈਜ਼ਰਜ਼ ਆਫਿਸ www.worksafebc.com/workers/what_workers_ should_know/workers_advisers ਨਾਲ ਸੰਪਰਕ ਕਰੋ। ਇਸ ਦੇ ਨਾਲ ਹੀ ਤੁਹਾਡੀ ਯੂਨੀਅਨ ਦਾ ਪ੍ਰਤੀਨਿਧ ਵੀ ਤੁਹਾਡੀ ਮਦਦ ਕਰਨ ਦੇ ਯੋਗ ਹੋਣਾ ਚਾਹੀਦਾ ਹੈ।
- ਜੇ ਤੁਸੀਂ ਕੰਮ-ਮਾਲਕ ਹੋ ਤਾਂ ਇਨ-ਹਾਊਸ ਸਪੈਸ਼ਲਿਸਟ ਤੋਂ ਮਦਦ ਮੰਗੋ ਜਾਂ ਇਮਪਲੌਇਅਰਜ਼ ਐਡਵਾਈਜ਼ਰਜ਼ ਆਫਿਸ, www.worksafebc.com/employers_and_ small_business/employers_help/employers_advisers/default.asp ਨਾਲ ਸੰਪਰਕ ਕਰੋ।
- ਫੀਸ ਲੈ ਕੇ ਕਈ ਵਕੀਲ ਜਾਂ ਕਨਸਲਟੈਂਟ ਤੁਹਾਡੇ ਰਿਵੀਊ ਵਿਚ ਤੁਹਾਡੀ ਮਦਦ ਕਰ ਸਕਦੇ ਹਨ।
- ਰਿਵੀਊ ਦੇ ਕਾਰਜ ਬਾਰੇ ਵਿਸਥਾਰ ਵਿਚ ਜਾਣਕਾਰੀ ਲੈਣ ਲਈ www.worksafebc.com/claims/review_and_appeals/review_division/assets/pdf/rd_practices_and_procedures.pdf ਦੇਖੋ।
- ਰਿਵੀਊ ਅਤੇ ਅਪੀਲ ਦੀ ਕਾਰਵਾਈ ਬਾਰੇ ਸੰਖੇਪ ਜਾਣਕਾਰੀ ਲਈ worksafebc.com 'ਤੇ "ਕਲੇਮਜ਼ ਰਿਵੀਊ ਐਂਡ ਅਪੀਲ ਗਾਈਡ" ਦੇਖੋ।
- ਵਰਕਰ: www.worksafebc.com/publications/how_to_work_with_the_wcb/Assets/PDF/CM025.pdf
- ਕੰਮ-ਮਾਲਕ: www.worksafebc.com/publications/how_to_work_with_the_wcb/Assets/PDF/appeal_employers.pdf

## ਮੈਨੂੰ ਫੈਸਲਾ ਕਦੋਂ ਮਿਲੇਗਾ?

- ਕਾਨੂੰਨ ਮੁਤਾਬਕ, ਰਿਵੀਊ 150 ਦਿਨਾਂ ਦੇ ਵਿਚ ਵਿਚ ਮੁਕੰਮਲ ਕੀਤਾ ਜਾਣਾ ਜ਼ਰੂਰੀ ਹੈ, ਜੇ ਮੁੱਖ ਰਿਵੀਊ ਅਫਸਰ ਕੇਸ ਦੀ ਜਟਿਲਤਾ ਕਾਰਨ ਹੋਰ ਸਮਾਂ ਨਹੀਂ ਦੇ ਦਿੰਦਾ।
- ਰਿਵੀਊ ਅਫਸਰ ਫੈਸਲੇ ਦੀ ਚਿੱਠੀ ਦੇਵੇਗਾ ਜਿਸ ਵਿਚ ਰਿਵੀਊ ਦੇ ਨਤੀਜਿਆਂ ਅਤੇ ਵਰਕਸੇਫ ਬੀ ਸੀ ਦੇ ਤੁਹਾਡੇ ਮੁਢਲੇ ਫੈਸਲੇ ਵਿਚ ਕੀਤੀਆਂ ਗਈਆਂ ਕਿਸੇ ਵੀ ਤਰ੍ਹਾਂ ਦੀਆਂ ਤਬਦੀਲੀਆਂ ਬਾਰੇ ਦੱਸਿਆ ਜਾਵੇਗਾ।
- ਜੇ ਰਿਵੀਊ ਅਫਸਰ ਮੁਢਲੇ ਫੈਸਲੇ ਵਿਚ ਕੋਈ ਤਬਦੀਲੀਆਂ ਕਰਦਾ ਹੈ ਤਾਂ ਵਰਕਸੇਫ ਬੀ ਸੀ ਨਵਾਂ ਫੈਸਲਾ ਲਾਗੂ ਕਰੇਗੀ।

## ਕੀ ਮੈਂ ਰਿਵੀਊ ਦੇ ਫੈਸਲੇ ਵਿਰੁੱਧ ਅਪੀਲ ਕਰ ਸਕਦਾ/ਸਕਦੀ ਹਾਂ?

- ਬਹੁਤੇ ਕੇਸਾਂ ਵਿਚ, ਤੁਸੀਂ ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ ਕੋਲ ਅਪੀਲ ਕਰ ਸਕਦੇ ਹੋ।
- ਰਿਵੀਊ ਦੇ ਫੈਸਲੇ ਵਾਲੀ ਚਿੱਠੀ ਇਹ ਦੱਸੇਗੀ ਕਿ ਇਹ ਅਪੀਲ ਕਿਵੇਂ ਕਰਨੀ ਹੈ। ਤੁਹਾਨੂੰ ਅਪੀਲ ਦੇ ਫੈਸਲੇ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਅਪੀਲ ਕਰਨ ਦੀ ਲੋੜ ਪਵੇਗੀ।
- ਜੇ ਤੁਹਾਡਾ ਰਿਵੀਊ ਸਮਾਂ ਵਧਾਉਣ ਦੇ ਕਿਸੇ ਫੈਸਲੇ, ਪ੍ਰੀਵੈਨਸ਼ਨ ਆਰਡਰ, ਵੋਕੇਸ਼ਨਲ ਰੀਹੈਬਲੀਟੇਸ਼ਨ ਬੈਨੇਫਿਟਸ, ਤੁਹਾਡੇ ਪਰਮਾਨੈਂਟ ਡਿਸਏਬਿਲਟੀ ਦੇ ਫੈਸਲੇ ਜਾਂ ਲਾਜ਼ਮੀ ਪਰਮਾਨੈਂਟ ਡਿਸਏਬਿਲਟੀ ਦੇ ਫੈਸਲੇ ਨਾਲ ਸੰਬੰਧਿਤ ਹੈ ਤਾਂ ਰਿਵੀਊ ਦਾ ਫੈਸਲਾ ਅੰਤਿਮ ਹੁੰਦਾ ਹੈ।

## ਸੰਪਰਕ ਕਰਨ ਬਾਰੇ ਜਾਣਕਾਰੀ

ਵਰਕਸੇਫ ਬੀ ਸੀ ਦੇ ਸਾਰੇ ਸਥਾਨਾਂ ਅਤੇ ਫੋਨ ਨੰਬਰਾਂ ਲਈ worksafebc.com 'ਤੇ ਜਾਉ।

### ਰਿਵੀਊ ਡਿਵੀਜ਼ਨ

ਫੋਨ: 604.214.5411 ਜਾਂ ਟੋਲ ਫ੍ਰੀ 1.888.922.8804
ਫੈਕਸ: 604.232.7747 ਜਾਂ ਟੋਲ ਫ੍ਰੀ 1.855.433.9728
ਚਿੱਠੀ ਪੱਤਰ ਲਈ ਐਡਰੈਸ: WorkSafeBC
PO Box 2071 Stn Terminal
Vancouver BC V6B 3S3